www.a2zSubjects.com

# PAPER-III
# PUNJABI

**Signature and Name of Invigilator**

1. (Signature) ____________________________
   (Name) ____________________________
2. (Signature) ____________________________
   (Name) ____________________________

OMR Sheet No. : ..............................................
(To be filled by the Candidate)

Roll No. | | | | | | | | |
(In figures as per admission card)

Roll No.________________________________
(In words)

| J | 2 | 4 | 1 | 6 |
|---|---|---|---|---|

Time : 2 ½ hours] [Maximum Marks : **150**

Number of Pages in this Booklet : **16** | Number of Questions in this Booklet : **75**

## Instructions for the Candidates

1. Write your roll number in the space provided on the top of this page.
2. This paper consists of seventy five multiple-choice type of questions.
3. At the commencement of examination, the question booklet will be given to you. In the first 5 minutes, you are requested to open the booklet and compulsorily examine it as below :
   (i) To have access to the Question Booklet, tear off the paper seal on the edge of this cover page. Do not accept a booklet without sticker-seal and do not accept an open booklet.
   (ii) **Tally the number of pages and number of questions in the booklet with the information printed on the cover page. Faulty booklets due to pages/questions missing or duplicate or not in serial order or any other discrepancy should be got replaced immediately by a correct booklet from the invigilator within the period of 5 minutes. Afterwards, neither the Question Booklet will be replaced nor any extra time will be given.**
   (iii) After this verification is over, the Test Booklet Number should be entered on the OMR Sheet and the OMR Sheet Number should be entered on this Test Booklet.
4. Each item has four alternative responses marked (1), (2), (3) and (4). You have to darken the circle as indicated below on the correct response against each item.
   **Example :** ① ② ● ④
   where (3) is the correct response.
5. Your responses to the items are to be indicated in the **OMR Sheet given inside the Booklet only.** If you mark your response at any place other than in the circle in the OMR Sheet, it will not be evaluated.
6. Read instructions given inside carefully.
7. Rough Work is to be done in the end of this booklet.
8. If you write your Name, Roll Number, Phone Number or put any mark on any part of the OMR Sheet, except for the space allotted for the relevant entries, which may disclose your identity, or use abusive language or employ any other unfair means, such as change of response by scratching or using white fluid, you will render yourself liable to disqualification.
9. You have to return the Original OMR Sheet to the invigilators at the end of the examination compulsorily and must not carry it with you outside the Examination Hall. You are, however, allowed to carry original question booklet and duplicate copy of OMR Sheet on conclusion of examination.
10. **Use only Black Ball point pen provided by C.B.S.E.**
11. **Use of any calculator or log table etc., is prohibited.**
12. **There is no negative marks for incorrect answers.**

## परीक्षार्थियों के लिए निर्देश

1. इस पृष्ठ के ऊपर नियत स्थान पर अपना रोल नम्बर लिखिए ।
2. इस प्रश्न-पत्र में पचहत्तर बहुविकल्पीय प्रश्न हैं ।
3. परीक्षा प्रारम्भ होने पर, प्रश्न-पुस्तिका आपको दे दी जायेगी । पहले पाँच मिनट आपको प्रश्न-पुस्तिका खोलने तथा उसकी निम्नलिखित जाँच के लिए दिये जायेंगे, जिसकी जाँच आपको अवश्य करनी है :
   (i) प्रश्न-पुस्तिका खोलने के लिए पुस्तिका पर लगी कागज की सील को फाड़ लें । खुली हुई या बिना स्टीकर-सील की पुस्तिका स्वीकार न करें ।
   (ii) **कवर पृष्ठ पर छपे निर्देशानुसार प्रश्न-पुस्तिका के पृष्ठ तथा प्रश्नों की संख्या को अच्छी तरह चैक कर लें कि ये पूरे हैं । दोषपूर्ण पुस्तिका जिनमें पृष्ठ/प्रश्न कम हों या दुबारा आ गये हों या सीरियल में न हों अर्थात किसी भी प्रकार की त्रुटिपूर्ण पुस्तिका स्वीकार न करें तथा उसी समय उसे लौटाकर उसके स्थान पर दूसरी सही प्रश्न-पुस्तिका ले लें । इसके लिए आपको पाँच मिनट दिये जायेंगे । उसके बाद न तो आपकी प्रश्न-पुस्तिका वापस ली जायेगी और न ही आपको अतिरिक्त समय दिया जायेगा ।**
   (iii) इस जाँच के बाद प्रश्न-पुस्तिका का नंबर OMR पत्रक पर अंकित करें और OMR पत्रक का नंबर इस प्रश्न-पुस्तिका पर अंकित कर दें ।
4. प्रत्येक प्रश्न के लिए चार उत्तर विकल्प (1), (2), (3) तथा (4) दिये गये हैं । आपको सही उत्तर के वृत्त को पेन से भरकर काला करना है जैसा कि नीचे दिखाया गया है :
   **उदाहरण :** ① ② ● ④
   जबकि (3) सही उत्तर है ।
5. प्रश्नों के उत्तर **केवल प्रश्न पुस्तिका के अन्दर दिये गये OMR पत्रक पर ही** अंकित करने हैं । यदि आप OMR पत्रक पर दिये गये वृत्त के अलावा किसी अन्य स्थान पर उत्तर चिह्नांकित करते हैं, तो उसका मूल्यांकन नहीं होगा ।
6. अन्दर दिये गये निर्देशों को ध्यानपूर्वक पढ़ें ।
7. कच्चा काम (Rough Work) इस पुस्तिका के अन्तिम पृष्ठ पर करें ।
8. यदि आप OMR पत्रक पर नियत स्थान के अलावा अपना नाम, रोल नम्बर, फोन नम्बर या कोई भी ऐसा चिह्न जिससे आपकी पहचान हो सके, अंकित करते हैं अथवा अभद्र भाषा का प्रयोग करते हैं, या कोई अन्य अनुचित साधन का प्रयोग करते हैं, जैसे कि अंकित किये गये उत्तर को मिटाना या सफेद स्याही से बदलना तो परीक्षा के लिये अयोग्य घोषित किये जा सकते हैं ।
9. आपको परीक्षा समाप्त होने पर मूल OMR पत्रक निरीक्षक महोदय को लौटाना आवश्यक है और परीक्षा समाप्ति के बाद उसे अपने साथ परीक्षा भवन से बाहर न लेकर जायें । हालांकि आप परीक्षा समाप्ति पर मूल प्रश्न-पुस्तिका तथा OMR पत्रक की डुप्लीकेट प्रति अपने साथ ले जा सकते हैं ।
10. **केवल C.B.S.E. द्वारा प्रदान किये गये काले बाल प्वाईंट पेन का ही इस्तेमाल करें ।**
11. **किसी भी प्रकार का संगणक (कैलकुलेटर) या लाग टेबल आदि का प्रयोग वर्जित है ।**
12. **गलत उत्तरों के लिए कोई नकारात्मक अंक नहीं हैं ।**



www.a2zSubjects.com

www.a2zSubjects.com

# PUNJABI
# ਪੰਜਾਬੀ

## Paper-III
## ਪ੍ਰਸ਼ਨ ਪੱਤਰ-III

**Note :** This paper contains **seventy five (75)** objective type questions of **two (2)** marks each. **All** questions are compulsory.

**ਨੋਟ** : ਇਸ ਪ੍ਰਸ਼ਨ ਪੱਤਰ ਵਿਚ **ਪੰਝੱਤਰ (75)** ਬਹੁਵਿਕਲਪੀ ਪ੍ਰਸ਼ਨ ਹਨ । ਹਰੇਕ ਪ੍ਰਸ਼ਨ ਦੇ **ਦੋ (2)** ਅੰਕ ਹਨ । **ਸਾਰੇ** ਪ੍ਰਸ਼ਨ ਜ਼ਰੂਰੀ ਹਨ ।

**1.** ਵਾਕ ਦੀ ਬਣਤਰ ਵਿਚ 'ਭਾਵੇਂ' ਯੋਜਕ ਦੀ ਵਰਤੋਂ ਹੁੰਦੀ ਹੈ ;

(1) ਸਵਾਧੀਨ ਉਪਵਾਕ ਦੀ ਬਣਤਰ ਵਿਚ
(2) ਪਰਾਧੀਨ ਤੇ ਸਵਾਧੀਨ ਉਪਵਾਕਾਂ ਦੀ ਬਣਤਰ ਵਿਚ
(3) ਪਰਾਧੀਨ ਉਪਵਾਕਾਂ ਦੀ ਬਣਤਰ ਵਿਚ
(4) ਸੰਯੁਕਤ ਵਾਕਾਂ ਦੀ ਬਣਤਰ ਵਿਚ

**2.** ਪੱਛਮੀ ਪੰਜਾਬ ਦੀਆਂ ਉਪ-ਭਾਸ਼ਾਵਾਂ ਦੀਆਂ ਨਿਰੋਲ ਧੁਨੀਆਂ ਹਨ

(1) ਸੁਰ, ਤਾਲਵੀ ਤੇ ਦੰਤੀ
(2) ਵਾਕ ਸੁਰ, ਉਲਟ ਜੀਭੀ ਤੇ ਕੰਠੀ
(3) ਦੋ-ਹੋਠੀ, ਗਲੌਂਟਲ ਤੇ ਦੰਤੀ
(4) ਸੁਰਯੰਤਰੀ ਤੇ ਅੰਤਰ-ਸਫ਼ੋਟੀ

**3.** ਪੰਜਾਬੀ ਦੀਆਂ ਦੀਰਘ ਸਵਰ ਧੁਨੀਆਂ ਦੇ ਉਚਾਰਨ ਦਾ ਸਬੰਧ ਹੈ ;

(1) ਰੋਕ ਤੇ ਲਟਕਾਅ ਨਾਲ
(2) ਸਥਾਨ ਤੇ ਦਬਾ ਨਾਲ
(3) ਲਮਕਾਅ ਤੇ ਸਥਾਨ ਨਾਲ
(4) ਗਤੀ ਤੋਂ ਰੋਕ ਨਾਲ

**4.** 'ਉਹ ਪਿੰਡ ਨੂੰ ਜਾ ਰਿਹਾ ਸੀ' ਵਾਕ ਵਿਚ 'ਰਿਹਾ' ਕਿਰਿਆ ਸ਼ਬਦ ਹੈ ;

(1) ਗਤੀਵਾਚਕ ਸੰਚਾਲਕ ਕਿਰਿਆ
(2) ਸੰਭਾਵਤ ਸੰਚਾਲਕ ਕਿਰਿਆ
(3) ਮੁੱਢਲੀ ਸੰਚਾਲਕ ਕਿਰਿਆ
(4) ਕਰਮਵਾਚੀ ਸੰਚਾਲਕ ਕਿਰਿਆ

**5.** **ਕਥਨ (A) :** ਅੰਦਰ-ਕੇਂਦਰਤ ਬਣਤਰਾਂ ਵਿਧੀ ਰਾਹੀਂ ਵਾਕੰਸ਼ ਰਚਨਾ ਦਾ ਅਧਿਐਨ ਕੀਤਾ ਜਾਂਦਾ ਹੈ । ਇਸ ਕਰਕੇ ਅੰਦਰ-ਕੇਂਦਰਤ ਬਣਤਰਾਂ ਵਿਚ ਇਕ ਸ਼ਬਦ ਪੂਰੇ ਵਾਕੰਸ਼ ਦਾ ਬਦਲ ਹੋ ਸਕਦਾ ਹੈ ।

**ਕਾਰਨ (R) :** ਕਿਉਂਕਿ ਅੰਦਰ ਤੇ ਬਾਹਰ-ਕੇਂਦਰਤ ਵਾਕ ਦੀ ਜੁਗਤ ਦਾ ਵਿਸ਼ਲੇਸ਼ਣ ਕਰਨ ਦੀ ਵਿਧੀ ਹੈ । ਇਸ ਲਈ ਇਹ ਵਿਧੀ ਵਾਕ ਦੇ ਸਾਰੇ ਪੱਖਾਂ ਤੇ ਲਾਗੂ ਹੋ ਸਕਦੀ ਹੈ ।

ਕਿਹੜਾ ਸਹੀ ਹੈ :

(1) (A) ਠੀਕ ਹੈ (R) ਆਂਸ਼ਕ ਠੀਕ ਹੈ ।
(2) (R) ਠੀਕ ਹੈ ਤੇ (A) ਗ਼ਲਤ ਹੈ ।
(3) (A) ਤੇ (R) ਦੋਵੇਂ ਆਂਸ਼ਕ ਠੀਕ ਹਨ ।
(4) (A) ਤੇ (R) ਦੋਵੇਂ ਗ਼ਲਤ ਹਨ ।

**6.** ਕਿਹੜੀ ਲਿਪੀ ਅੱਖਰ ਲਿਪੀ ਹੈ ;

(1) ਟਾਕਰੀ
(2) ਰੋਮਨ
(3) ਗੁਰਮੁਖੀ
(4) ਦੇਵ ਨਾਗਰੀ



www.a2zSubjects.com

www.a2zSubjects.com

**7.** ਸ਼ਬਦ-ਜੁੱਟਾਂ ਵਿਚ ਲਘੂ + ਦੀਰਘ ਤਰਤੀਬ ਹੈ ;

(1) ਲਾਈ, ਖਾਈ, ਚੋਆ (2) ਲੋਈ, ਜਾਏ, ਧੀਏ

(3) ਪਿਓ, ਅਸੀਂ, ਗੁਆਚਾ (4) ਗਾਈ, ਗੋਈ, ਸੁਆ

**8.** ਕਿਹੜਾ ਕਥਨ ਸਹੀ ਹੈ ;

(1) ਸ਼ਬਦ ਦਾ ਆਪਣਾ ਕੋਈ ਅਰਥ ਨਹੀਂ ਹੁੰਦਾ ।

(2) ਕਿਸੇ ਸ਼ਬਦ ਸੂਚੀ ਵਿਚ ਸ਼ਬਦਾਂ ਦਾ ਕੋਈ ਅਰਥ ਨਹੀਂ ਹੁੰਦਾ ।

(3) ਸ਼ਬਦਾਂ ਦੇ ਅਰਥ ਹਮੇਸ਼ਾਂ ਸੰਦਰਭ ਅਨੁਸਾਰ ਹੁੰਦੇ ਹਨ ।

(4) ਸ਼ਬਦਾਂ ਦੇ ਸੰਦਰਭ ਬਾਹਰੇ ਅਰਥ ਵੀ ਹੁੰਦੇ ਹਨ ।

**9.** 'ਲੁਕਣਮੀਟੀ' ਖੇਡ ਨੂੰ ਕਿਸ ਪ੍ਰਵਿਰਤੀ ਨਾਲ ਜੋੜਨ ਦੀ ਧਾਰਨਾ ਹੈ :

(1) ਅਨੁਸ਼ਠਾਨਮਈ ਖੇਡ (2) ਮਾਪਿਆਂ ਦਾ ਦਬਾਉਮਈ ਪ੍ਰਭਾਵ

(3) ਬੱਚਿਆਂ ਵਿਚ ਮਾਂ ਤੋਂ ਵਿਛੋੜੇ ਦਾ ਭੈਅ (4) ਦਮਿਤ ਕਾਮਨਾਵਾਂ ਦਾ ਉਭਾਰ

**10.** ਲੋਕ ਕਹਾਣੀ ਦੇ ਰੂਪਾਕਾਰਾਂ ਦਾ ਕਿਹੜਾ ਵਰਗ ਸਹੀ ਹੈ ;

(1) ਅਵਦਾਨ, ਸਾਖੀ, ਸੁਖਨ (2) ਪਰੀ ਕਥਾ, ਨੀਤੀ ਕਥਾ, ਬੁਝਾਰਤ ਕਥਾ

(3) ਨੀਤੀ ਕਥਾ, ਜਨੌਰ ਕਥਾ, ਹਿਕਾਇਤ (4) ਟੋਟਕਾ, ਕਿੱਸਾ, ਸਾਖੀ

**11.** **ਕਥਨ (A) :** ਸਮਕਾਲੀ ਪੰਜਾਬੀ ਗਾਇਕੀ ਵਿਸ਼ਾਲ ਅਰਥਾਂ ਵਿਚ ਪੰਜਾਬੀ ਮਾਨਸਿਕਤਾ ਅੰਦਰ ਬਦਲ ਰਹੇ ਮਨੋਵੇਗਾਂ, ਅੰਤਰ-ਸੰਬੰਧਾਂ ਤੇ ਸੰਸਕਾਰਾਂ ਨੂੰ ਪੇਸ਼ ਕਰਦੀ ਹੈ । ਇਹ ਸਰੋਤਿਆਂ ਦੇ ਸਮੂਹਿਕ ਹੁੰਗਾਰੇ ਦੇ ਤੌਰ ਤੇ ਪ੍ਰਵਾਨ ਕੀਤੀ ਜਾਂਦੀ ਹੈ ।

**ਕਾਰਨ (R) :** ਅਜੋਕਾ ਪੰਜਾਬੀ ਜਗਤ ਸਿਰਜਣਾ ਦੇ ਨਾਲ ਨਾਲ ਉਪਭੋਗ ਵੀ ਕਰਦਾ ਹੈ । ਇਸ ਕਰਕੇ ਅਜੋਕਾ ਪੰਜਾਬੀ ਸਭਿਆਚਾਰ ਮਨੁੱਖ ਦੇ ਦੁਖ-ਸੁਖ ਦਾ ਪ੍ਰਤਿਰੂਪ ਹੁੰਦਾ ਹੋਇਆ ਵੀ ਮੰਡੀ ਦੁਆਰਾ ਉਤਪਾਦਿਤ ਹੋਣ ਲੱਗ ਪਿਆ ਹੈ ।

ਉਪਰੋਕਤ ਵਿੱਚੋਂ ਕਿਹੜਾ ਸਹੀ ਹੈ :

(1) (A) ਆਂਸ਼ਿਕ ਸਹੀ ਹੈ (R) ਗ਼ਲਤ ਹੈ । (2) (A) ਤੇ (R) ਦੋਵੇਂ ਸਹੀ ਹਨ ।

(3) (A) ਸਹੀ ਹੈ ਤੇ (R) ਗ਼ਲਤ ਹੈ । (4) (A) ਸਹੀ ਹੈ ਤੇ (R) ਆਂਸ਼ਿਕ ਸਹੀ ਹੈ ।

**12.**

| **ਸੂਚੀ-I** | **ਸੂਚੀ-II** |
|---|---|
| I. ਤਾਵੀਜ਼ | A. ਅਨੁਸ਼ਠਾਨ |
| II. ਮੁੰਡਨ | B. ਲੋਕ ਧੰਦਾ |
| III. ਮਾਹੀਗੀਰੀ | C. ਕਰਮ ਕਾਂਡ |
| IV. ਚੌਂਕਾਕਾਰ | D. ਲੋਕ ਵਿਸ਼ਵਾਸ |

ਉਪਰੋਕਤ ਦਾ ਸਹੀ ਕ੍ਰਮ ਹੈ :

| | I | II | III | IV |
|---|---|---|---|---|
| (1) | D | A | B | C |
| (2) | A | C | D | B |
| (3) | A | B | D | C |
| (4) | B | C | A | D |



www.a2zSubjects.com

www.a2zSubjects.com

**13.** ਲੋਕ ਧੰਦੇ ਦੀ ਵੰਨਗੀ ਹੈ :

I. ਤਮਾਸ਼ਾ
II. ਕਢਾਈ
III. ਚੂੜੀਹਾਰੀ
IV. ਲਲਾਰੀ

ਸਹੀ ਜੁੱਟ ਹਨ :

(1) I ਅਤੇ IV
(2) III ਅਤੇ IV
(3) II ਅਤੇ III
(4) I ਅਤੇ III

**14.** "ਲੋਕਯਾਨ ਸਾਡੇ ਲੋਕ ਜੀਵਨ ਦੇ ਸਾਂਝੇ ਤਜ਼ਰਬਿਆਂ ਦਾ ਜ਼ਖ਼ੀਰਾ ਅਤੇ ਮਾਨਵ-ਗਿਆਨ ਲਈ ਸੂਚਨਾ ਦਾ ਸ੍ਰੋਤ ਹੈ ।" ਇਹ ਕਥਨ ਕਿਸਦਾ ਹੈ ;

(1) ਵਣਜਾਰਾ ਬੇਦੀ
(2) ਕਰਨੈਲ ਸਿੰਘ ਥਿੰਦ
(3) ਦੇਵਿੰਦਰ ਸਤਿਆਰਥੀ
(4) ਹਜ਼ਾਰੀ ਪ੍ਰਸਾਦ ਦ੍ਵਿਵੇਦੀ

**15.** ਪੰਜਾਬੀ ਡਾਇਸਪੋਰਾ-ਸਭਿਆਚਾਰ ਦੀ ਪਛਾਣ ਦਾ ਸਹੀ ਜੁੱਟ ਹੈ ;

(1) ਪਾਪੂਲਰ ਗੀਤ ਅਤੇ ਰਸਮੋ-ਰਿਵਾਜ
(2) ਧਰਮ ਅਤੇ ਸਿੱਖਿਆ
(3) ਮੂਲਵਾਸ ਦੀਆਂ ਸਿਮਰਤੀਆਂ ਅਤੇ ਮੁੱਲ ਵਿਧਾਨ
(4) ਸਮੂਹਵਾਚੀ ਚੇਤਨਾ ਅਤੇ ਵਿਚਾਰ-ਪ੍ਰਬੰਧ

**16.** ਸ਼ਹਾਬੁੱਦੀਨ ਸੁਹਰਾਵਰਦੀ ਦੀ ਪੁਸਤਕ 'ਅਵਾਰਿਫ਼-ਉਲ-ਮੁਆਰਿਫ਼' ਦਾ ਪੰਜਾਬੀ ਅਨੁਵਾਦ ਕਰਤਾ ਹੈ :

(1) ਦੀਵਾਨ ਸਿੰਘ
(2) ਗੁਲਵੰਤ ਸਿੰਘ
(3) ਗੁਰਦੇਵ ਸਿੰਘ
(4) ਗੁਰਬਚਨ ਸਿੰਘ ਤਾਲਿਬ

**17.** ਪੰਜਾਬੀ ਸੂਫ਼ੀ-ਕਾਵਿ ਚਿੰਤਕਾਂ ਦਾ ਸਹੀ ਵਰਗ ਹੈ :

(1) ਪਿਆਰ ਸਿੰਘ, ਗੁਰਦੇਵ ਸਿੰਘ, ਕਿਰਪਾਲ ਸਿੰਘ ਕਸੇਲ
(2) ਜੀਤ ਸਿੰਘ ਸੀਤਲ, ਹਰਨਾਮ ਸਿੰਘ ਸ਼ਾਨ, ਸੁਰਿੰਦਰ ਸਿੰਘ ਕੋਹਲੀ
(3) ਤਾਰਨ ਸਿੰਘ, ਜਗਤਾਰ, ਰਤਨ ਸਿੰਘ ਜੱਗੀ
(4) ਦੀਵਾਨ ਸਿੰਘ, ਗੁਲਵੰਤ ਸਿੰਘ, ਨਜਮ ਹੁਸੈਨ ਸੱਯਦ

**18.** ਡਾ. ਹਰਿਭਜਨ ਸਿੰਘ ਨੇ ਸੂਫ਼ੀ ਕਾਵਿ ਧਾਰਾ ਦੇ ਕਿਹੜੇ ਮੁਖ ਥੀਮ ਨਿਰਧਾਰਿਤ ਕੀਤੇ ਹਨ :

I. ਬੰਦ ਪ੍ਰਤੀਕ ਦੀ ਸਿਰਜਣਾ
II. ਦੁਜੈਲੀ ਸਿਰਜਣਾ
III. ਅਤੀਤ ਦੀ ਥਾਂ ਵਰਤਮਾਨ ਮੁਖਤਾ
IV. ਆਵੇਸ਼

ਉਪਰੋਕਤ ਵਿਚੋਂ ਸਹੀ ਹਨ :

(1) I ਅਤੇ III
(2) I ਅਤੇ II
(3) II ਅਤੇ III
(4) III ਅਤੇ IV



www.a2zSubjects.com

www.a2zSubjects.com

**19.** ਸੂਫ਼ੀਮਤ ਵਿਚ 'ਰੱਬ ਦੀ ਏਕਤਾ' ਦਾ ਲਖਾਇਕ ਸੰਕਲਪ ਹੈ :

(1) ਸ਼ਰੀਅਤ (2) ਤੌਹੀਦ

(3) ਤਸੱਵੁਫ਼ (4) ਮਾਰਫ਼ਤ

**20.** **ਸੂਚੀ-I** **ਸੂਚੀ-II**

| ਸੂਚੀ-I | ਸੂਚੀ-II |
|---|---|
| I. ਦੀਵਾਨ ਸਿੰਘ | A. ਪੰਜਾਬੀ ਸੂਫ਼ੀ ਸਾਹਿਤ |
| II. ਗੋਬਿੰਦ ਸਿੰਘ ਲਾਂਬਾ | B. ਸੂਫ਼ੀਵਾਦ |
| III. ਹਰਜਿੰਦਰ ਸਿੰਘ ਢਿੱਲੋਂ | C. ਸੂਫ਼ੀਵਾਦ ਤੇ ਹੋਰ ਲੇਖ |
| IV. ਗੁਲਵੰਤ ਸਿੰਘ | D. ਪੰਜਾਬੀ ਸੂਫ਼ੀ ਕਾਵਿ ਤੇ ਸ਼ਰੀਅਤ |

ਉਪਰੋਕਤ ਦਾ ਸਹੀ ਮਿਲਾਨ ਹੈ :

| | I | II | III | IV |
|---|---|---|---|---|
| (1) | A | C | B | D |
| (2) | C | A | D | B |
| (3) | D | C | B | A |
| (4) | C | D | A | B |

**21.** **ਕਥਨ (A) :** ਆਮ ਧਾਰਣਾ ਹੈ ਕਿ ਬੁਲ੍ਹੇ ਸ਼ਾਹ ਬਹੁਤ ਵੱਡਾ ਸੂਫ਼ੀ ਕਵੀ ਸੀ ਪਰ ਡਾ. ਹਰਿਭਜਨ ਸਿੰਘ ਦੀ ਧਾਰਣਾ ਹੈ ਕਿ ਉਪਰੋਕਤ ਵਿਚਾਰ ਦੀ ਪ੍ਰਤੀਤੀ ਉਸਦੇ ਕਲਾਮ ਤੋਂ ਨਹੀਂ ਹੁੰਦੀ ।

**ਕਾਰਨ (R) :** ਕਿਉਂ-ਕਿ ਉਹ ਰਚਨਾ ਹਮੇਸ਼ਾ ਆਪਣੀ ਜੀਵਨ ਸਥਿਤੀ ਜਾਂ ਵਿਲੱਖਣ ਅਨੁਭਵ ਦੀ ਨੀਂਹ ਉਪਰ ਨਹੀਂ ਉਸਾਰਦਾ । ਉਹ ਹਮੇਸ਼ਾ ਰੂੜ੍ਹ ਸੰਕਲਪ ਪ੍ਰਬੰਧ ਦੇ ਆਸਰੇ ਹੀ ਛੰਦ ਉਚਾਰਦਾ ਪ੍ਰਤੀਤ ਹੁੰਦਾ ਹੈ ।

ਉਪਰੋਕਤ ਦੇ ਆਧਾਰ ਤੇ ਕਿਹੜਾ ਸਹੀ ਹੈ :

(1) (A) ਅਤੇ (R) ਦੋਵੇਂ ਸਹੀ ਹਨ ।

(2) (A) ਗ਼ਲਤ ਅਤੇ (R) ਸਹੀ ਹੈ ।

(3) (A) ਸਹੀ ਹੈ ਅਤੇ (R) ਆਂਸ਼ਿਕ ਸਹੀ ਹੈ ।

(4) (A) ਅਤੇ (R) ਦੋਵੇਂ ਗ਼ਲਤ ਹਨ ।

**22.** 'ਸੁਖਮਨੀ' ਵਿਚ ਵਰਣਿਤ ਅਧਿਆਤਮਕ ਪਦਵੀਆਂ ਦਾ ਸਹੀ ਵਰਗ ਹੈ

(1) ਸੰਤ, ਸਾਧ, ਪਰਮੇਸਰ, ਸਾਧਕ (2) ਜੀਵਨ ਮੁਕਤ, ਬ੍ਰਹਮ ਗਿਆਨੀ, ਸਿੱਧ, ਜਤੀ-ਸਤੀ

(3) ਭਗਤ, ਸੰਤ, ਜੀਵਨ ਮੁਕਤ, ਯੋਗੀ (4) ਬ੍ਰਹਮ ਗਿਆਨੀ, ਸਾਧ, ਜੀਵਨ ਮੁਕਤ, ਸੰਤ

**23.** ਕਿਹੜਾ ਵਰਗ ਗੁਰਮਤਿ ਵਿਚਾਰਧਾਰਾ ਦੇ ਅਨੁਕੂਲ ਨਹੀਂ ;

(1) ਮਾਇਆ, ਬ੍ਰਹਮ, ਜੀਵ (2) ਨਾਮ, ਹੁਕਮ, ਹਉਮੈ

(3) ਬ੍ਰਹਮਗਿਆਨ, ਗੁਰਮੁਖ, ਜੀਵਨ ਮੁਕਤ (4) ਬ੍ਰਹਮਚਾਰੀ, ਸੰਨਿਆਸੀ, ਮਨਮੁਖ



www.a2zSubjects.com

www.a2zSubjects.com

**24.** "ੲੇਕ ਅਨੇਕ ਵਿਆਪਕ ਪੂਰਕ ਜਤ ਦੇਖਹੁ ਤਤ ਸੋਈ" ।
ਗੁਰਬਾਣੀ ਦੇ ਇਸ ਵਾਕ ਵਿਚ ਕਿਸ ਵਿਚਾਰਧਾਰਾ ਦਾ ਪ੍ਰਗਟਾਵਾ ਹੈ :

(1) ਨੈਤਿਕ ਦ੍ਰਿਸ਼ਟੀ ਦਾ (2) ਅਦਵੈਤ ਦ੍ਰਿਸ਼ਟੀ ਦਾ
(3) ਸਭਿਆਚਾਰਕ ਦ੍ਰਿਸ਼ਟੀ ਦਾ (4) ਦਵੈਤ ਦ੍ਰਿਸ਼ਟੀ ਦਾ

**25.** ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬਾਣੀਆਂ ਤੇ ਬਾਣੀਕਾਰਾਂ ਦੇ ਵੇਰਵੇ ਦਾ ਸਹੀ ਕ੍ਰਮ ਹੈ ;

| **ਸੂਚੀ-I** | **ਸੂਚੀ-II** |
|---|---|
| I. ਕਰਹਲੇ | A. ਗੁਰੂ ਅਮਰਦਾਸ ਜੀ |
| II. ਬਿਰਹੜੇ | B. ਗੁਰੂ ਨਾਨਕ ਦੇਵ ਜੀ |
| III. ਸਤਵਾਰਾ | C. ਗੁਰੂ ਰਾਮਦਾਸ ਜੀ |
| IV. ਕੁਚੱਜੀ | D. ਗੁਰੂ ਅਰਜਨ ਦੇਵ ਜੀ |

ਉਪਰੋਕਤ ਦਾ ਸਹੀ ਕ੍ਰਮ ਹੈ :

| | I | II | III | IV |
|---|---|---|---|---|
| (1) | B | D | C | A |
| (2) | A | C | B | D |
| (3) | C | D | A | B |
| (4) | B | A | D | C |

**26.** ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ ਦਾ ਕਿਹੜਾ ਸਹੀ ਜੁੱਟ ਨਹੀਂ ਹੈ ;

(1) ਟੀਕਾ ਪ੍ਰਣਾਲੀ ਤੇ ਸੰਪ੍ਰਦਾਈ ਪ੍ਰਣਾਲੀ (2) ਪਰਮਾਰਥ ਪ੍ਰਣਾਲੀ ਤੇ ਨਿਰਮਲਾ ਪ੍ਰਣਾਲੀ
(3) ਨਿਰੁਕਤ ਪ੍ਰਣਾਲੀ ਤੇ ਇਤਿਹਾਸਕ ਪ੍ਰਣਾਲੀ (4) ਪਰਮਾਰਥ ਪ੍ਰਣਾਲੀ, ਉਦਾਸੀ ਪ੍ਰਣਾਲੀ

**27.** **ਕਥਨ (A) :** ਭਾਈ ਗੁਰਦਾਸ ਦੀਆਂ ਵਾਰਾਂ ਗਿਆਨ ਦੀ ਪੱਧਰ 'ਤੇ ਬਹੁਤ ਵਿਸ਼ਾਲ ਹਨ ਅਤੇ ਭਾਸ਼ਾ ਦੀ ਪੱਧਰ 'ਤੇ ਵੀ ਬਹੁਤ ਮਹੱਤਵ ਪੂਰਨ ਹਨ

**ਕਾਰਨ (R) :** ਕਿਉਂਕਿ ਭਾਈ ਗੁਰਦਾਸ ਸੰਸਕ੍ਰਿਤ ਦੇ ਗ੍ਰੰਥਾਂ ਵਿਚਲੇ ਪੌਰਾਣ ਅਤੇ ਲੋਕਯਾਨ ਵਿਚੋਂ ਅਨੇਕਾਂ ਸੰਕੇਤ ਵਰਤਦੇ ਹਨ । ਉਹ ਪੌਰਾਣ ਵਿਚ ਆਪਣਾ ਵਿਸ਼ਵਾਸ ਰਖਦੇ ਹਨ ।

(1) (A) ਅਤੇ (R) ਦੋਵੇਂ ਸਹੀ ਹਨ ।
(2) (A) ਸਹੀ ਹੈ ਅਤੇ (R) ਆਂਸ਼ਿਕ ਸਹੀ ਹੈ ।
(3) (A) ਗ਼ਲਤ ਅਤੇ (R) ਸਹੀ ਹੈ ।
(4) (A) ਤੇ (R) ਦੋਵੇਂ ਗ਼ਲਤ ਹਨ ।

**28.** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਸਵੱਈਏ ਬਾਣੀ ਰੂਪ ਦੇ ਰਚਨਾਕਾਰਾਂ ਦਾ ਸਹੀ ਜੁੱਟ ਹੈ ;

(1) ਗੁਰੂ ਨਾਨਕ ਦੇਵ ਅਤੇ ਭੱਟ (2) ਭੱਟ ਤੇ ਗੁਰੂ ਅਰਜਨ ਦੇਵ
(3) ਗੁਰੂ ਰਾਮਦਾਸ ਤੇ ਭੱਟ (4) ਭੱਟ ਤੇ ਗੁਰੂ ਅਮਰਦਾਸ

**29.** ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਕਿਹੜੇ ਰਾਗ ਵਿਚ, ਵਾਰ ਬਾਣੀ-ਰੂਪ ਨਹੀਂ ਮਿਲਦਾ ;

(1) ਰਾਗ ਬਿਲਾਵਲ (2) ਰਾਗ ਵਡਹੰਸ
(3) ਰਾਗ ਬਸੰਤੁ (4) ਰਾਗ ਤਿਲੰਗ



www.a2zSubjects.com

www.a2zSubjects.com

**30.** "ਤਿਥੈ ਲੋਅ ਲੋਅ ਆਕਾਰ ।
ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ।"
ਇਹ ਪੰਗਤੀਆਂ ਜਪੁਜੀ ਵਿਚ ਵਰਣਿਤ ਪੰਜ ਖੰਡਾਂ ਵਿਚੋਂ ਕਿਸ ਖੰਡ ਨਾਲ ਸੰਬੰਧਿਤ ਹਨ ?

(1) ਧਰਮ ਖੰਡ (2) ਗਿਆਨ ਖੰਡ
(3) ਸਚ ਖੰਡ (4) ਸਰਮ ਖੰਡ

**31.** ਗੁਰੂ ਰਾਮਦਾਸ ਜੀ ਦੀ 'ਕਾਨੜੇ ਦੀ ਵਾਰ' ਨੂੰ ਕਿਸ ਲੋਕ ਵਾਰ ਦੀ ਧੁਨੀ ਉੱਤੇ ਗਾਉਣ ਦਾ ਆਦੇਸ਼ ਹੈ :

(1) ਹਸਨੇ ਮਹਿਮੇ ਦੀ ਵਾਰ (2) ਲੱਲਾ ਬਹਿਲੀਮਾ ਦੀ ਵਾਰ
(3) ਮੂਸੇ ਦੀ ਵਾਰ (4) ਟੁੰਡੇ ਅਸਰਾਜੇ ਦੀ ਵਾਰ

**32.** ਪਹਿਲੀ ਗ਼ੈਰ-ਭਾਰਤੀ ਕਹਾਣੀਸੀ, ਜੋ ਪੰਜਾਬੀ ਕਿੱਸੇ ਦਾ ਕਥਾ-ਆਧਾਰ ਬਣੀ :

(1) ਸ਼ੀਰੀ-ਫਰਿਹਾਦ (2) ਲੈਲਾ ਮਜਨੂੰ
(3) ਯੂਸਫ਼-ਜ਼ੁਲੈਖਾਂ (4) ਸੋਹਣੀ ਮਹੀਂਵਾਲ

**33.** ਜੰਗਨਾਮਾ ਲੇਖਕਾਂ ਦੀ ਸਹੀ ਤਰਤੀਬ ਹੈ :

(1) ਸ਼ਾਹ ਮੁਹੰਮਦ, ਮਟਕ, ਹਾਮਿਦ ਸ਼ਾਹ ਅੱਬਾਸੀ, ਕਵੀ ਨਿਹਾਲ ਸਿੰਘ,
(2) ਕਾਨ੍ਹ ਸਿੰਘ ਬੰਗਾ ਵਾਲਾ, ਅਹਿਮਦ ਯਾਰ, ਸ਼ਾਹ ਮੁਹੰਮਦ, ਕਾਦਰ ਯਾਰ
(3) ਪੀਰ ਮੁਹੰਮਦ ਕਾਬਸੀ, ਹਾਫ਼ਿਜ਼ ਬਰਖ਼ੁਰਦਾਰ, ਸ਼ਾਹ ਮੁਹੰਮਦ, ਮੁਹੰਮਦ ਬਖ਼ਸ਼
(4) ਮਟਕ, ਸ਼ਾਹ ਮੁਹੰਮਦ, ਮੁਕਬਲ, ਰਾਮ ਦਿਆਲ ਅਣਦ

**34.** ਕਿੱਸਾਂਕਾਰਾਂ ਦਾ ਸਹੀ ਕਾਲਕ੍ਰਮ ਹੈ :

(1) ਅਹਿਮਦ ਗੁੱਜਰ, ਪੀਲੂ, ਮੌਲਾ ਬਖ਼ਸ਼ ਕੁਸ਼ਤਾ, ਹਾਸ਼ਮ
(2) ਮੁਕਬਲ, ਹਾਫ਼ਿਜ਼ ਬਰਖ਼ੁਰਦਾਰ, ਭਗਵਾਨ ਸਿੰਘ, ਫਜ਼ਲ ਸ਼ਾਹ
(3) ਸਦੀਕ ਲਾਲੀ, ਅਹਿਮਦ ਗੁੱਜਰ, ਚਿਰਾਗ਼ਦੀਨ, ਅਹਿਮਦ ਯਾਰ
(4) ਹਾਫ਼ਿਜ਼ ਬਰਖ਼ੁਰਦਾਰ, ਬਿਹਬਲ, ਹਾਸ਼ਮ, ਪਾਲ ਸਿੰਘ ਆਰਿਫ਼

**35.**

| **ਸੂਚੀ-I** | **ਸੂਚੀ-II** |
|---|---|
| I. ਹੀਰ (ਅਹਿਮਦ ਗੁੱਜਰ) | A. ਦਵੈਯਾ |
| II. ਯੂਸਫ਼-ਜ਼ੁਲੈਖਾਂ (ਹਾਫਿਜ਼ ਬਰਖ਼ੁਰਦਾਰ) | B. ਕਬਿੱਤ |
| III. ਸੋਹਣੀ ਮਹੀਂਵਾਲ (ਭਗਵਾਨ ਸਿੰਘ) | C. ਬੈਂਤ |
| IV. ਸੱਸੀ ਪੁੰਨੂੰ (ਬਿਹਬਲ) | D. ਡਿਓਢ |

ਉਪਰੋਕਤ ਦਾ ਸਹੀ ਕ੍ਰਮ ਹੈ :

| | I | II | III | IV |
|---|---|---|---|---|
| (1) | B | C | D | A |
| (2) | C | A | B | D |
| (3) | D | C | B | A |
| (4) | C | A | D | B |



www.a2zSubjects.com

**36.** **ਕਥਨ (A) :** ਜੰਗ ਯੁੱਧ ਜਾਂ ਨਾਇਕ ਦੀ ਵੀਰਤਾ ਨਾਲ ਸੰਬੰਧਿਤ ਵਾਰਾਂ ਵਿਚ ਭਾਵੇਂ ਮੁੱਖ ਤੌਰ 'ਤੇ ਵੀਰ ਰਸ ਦੀ ਵਰਤੋਂ ਹੁੰਦੀ ਹੈ ਪਰ ਉਸ ਵਿਚ ਹੋਰ ਰਸ ਵੀ ਲੋੜ ਅਨੁਸਾਰ ਸ਼ਾਮਿਲ ਹੁੰਦੇ ਹਨ ।

**ਕਾਰਨ (R) :** ਕਿਉਂਕਿ, ਵੀਰ ਰਸੀ ਵਾਰ ਦਾ ਕਾਵਿ-ਸ਼ਾਸਤਰ ਉਸ ਦੇ ਰਸ ਅਨੁਸਾਰ ਹੀ ਨਿਰਧਾਰਿਤ ਹੁੰਦਾ ਹੈ ।

ਉਪਰੋਕਤ ਦੇ ਪ੍ਰਸੰਗ ਵਿਚ ਕਿਹੜਾ ਕਥਨ ਸਹੀ ਹੈ :

(1) (A) ਸਹੀ ਹੈ ਤੇ (R) ਗ਼ਲਤ ਹੈ ।
(2) (A) ਅਤੇ (R) ਦੋਵੇਂ ਸਹੀ ਹਨ ।
(3) (A) ਗ਼ਲਤ ਤੇ (R) ਸਹੀ ਹੈ ।
(4) (A) ਅਤੇ (R) ਦੋਵੇਂ ਗ਼ਲਤ ਹੈ ।

**37.** ਪੀਰ ਮੁਹੰਮਦ ਦੀ 'ਚੱਠਿਆਂ ਦੀ ਵਾਰ' ਵਿਚ ਮਹਾਂ ਸਿੰਘ ਅਤੇ ਚੱਠਿਆਂ ਵਿਚਕਾਰ ਕਿਹੜੀਆਂ ਦੋ ਲੜਾਈਆਂ ਦਾ ਵਰਣਨ ਹੈ :

I. ਮੰਚਰ ਦੀ ਜੰਗ
II. ਕਸੂਰ ਦੀ ਜੰਗ
III. ਲਾਹੌਰ ਦੀ ਜੰਗ
IV. ਸੈਦ ਨਗਰ ਦੀ ਜੰਗ

ਉਪਰੋਕਤ ਵਿਚੋਂ ਕਿਹੜਾ ਜੁੱਟ ਸਹੀ ਹੈ :

(1) II ਅਤੇ III
(2) I ਅਤੇ IV
(3) III ਅਤੇ IV
(4) I ਅਤੇ II

**38.** 'ਮਿਹਰਬਾਨ ਵਾਲੀ ਜਨਮਸਾਖੀ' ਦੀ ਮੁੱਖ ਵਿਧੀ ਹੈ :

(1) ਬਿਰਤਾਂਤ ਵਿਧੀ
(2) ਪਰਮਾਰਥ ਵਿਧੀ
(3) ਗੋਸ਼ਟ ਵਿਧੀ
(4) ਵਿਸ਼ਲੇਸ਼ਣ ਵਿਧੀ

**39.** ਕਿਹੜੀ 'ਗੋਸ਼ਟਿ' ਗੁਰੂ ਨਾਨਕ ਦੇਵ ਨਾਲ ਸੰਬੰਧਿਤ ਨਹੀਂ ਹੈ :

(1) ਨਿਰੰਕਾਰ ਨਾਲ ਗੋਸ਼ਟਿ
(2) ਬੁਢਣਸ਼ਾਹ ਨਾਲ ਗੋਸ਼ਟਿ
(3) ਬਾਬੇ ਲਾਲ ਨਾਲ ਗੋਸ਼ਟਿ
(4) ਕਾਰੂੰ ਨਾਲ ਗੋਸ਼ਟਿ

**40.** ਪੰਜਾਬੀ ਵਾਰਤਕ ਰੂਪ 'ਪਰਚੀਆਂ' ਦੇ ਵਿਸ਼ੈਗਤ ਸਰੋਕਾਰ ਬਾਰੇ ਕਿਹੜਾ ਜੁੱਟ ਸਹੀ ਹੈ ?

I. ਕਿਸੇ ਮਹੱਤਵਪੂਰਨ ਧਾਰਮਿਕ ਵਿਅਕਤੀ ਬਾਰੇ ਵਰਣਨ
II. ਮਹਾਨ ਨਾਇਕ ਦੀ ਜੀਵਨੀ
III. ਕਿਸੇ ਬਾਣੀ ਦੀ ਵਿਆਖਿਆ
IV. ਨਾਇਕ ਦੇ ਜੀਵਨ ਦਾ ਆਂਸ਼ਿਕ ਚਿਤ੍ਰਣ

(1) II ਅਤੇ III
(2) III ਅਤੇ IV
(3) I ਅਤੇ IV
(4) I ਅਤੇ III



www.a2zSubjects.com

www.a2zSubjects.com

41. ਸੂਚੀ-I ਸੂਚੀ-II

| ਸੂਚੀ-I | ਸੂਚੀ-II |
|---|---|
| I. ਸੜ੍ਹਕਨਾਮਾ | A. ਡਾਇਰੀ |
| II. ਤਵਾਰੀਖ-ਏ-ਜ਼ਿੰਦਗੀ | B. ਸਫ਼ਰਨਾਮਾ |
| III. ਮੇਰੀ ਆਪ ਬੀਤੀ | C. ਕਥਾ ਲੇਖ |
| IV. ਨਿਰਭਉ ਨਿਰਵੈਰ | D. ਸੰਸਮਰਣ |

ਉਪਰੋਕਤ ਦਾ ਸਹੀ ਕ੍ਰਮ ਹੈ :

| | I | II | III | IV |
|---|---|---|---|---|
| (1) | A | B | D | C |
| (2) | C | A | D | B |
| (3) | B | A | D | C |
| (4) | D | C | B | A |

42. ਪ੍ਰਿੰ. ਤੇਜਾ ਸਿੰਘ ਅਨੁਸਾਰ ਸਾਊ ਦਾ ਵੱਡਾ ਗੁਣ ਹੈ :

I. ਕਿਸੇ ਦਾ ਦਿਲ ਨਾ ਦੁਖਾਉਣਾ
II. ਨਿਰਦੋਸ਼ਪੁਨੇ ਦੀ ਵਕਾਲਤ ਕਰਨਾ
III. ਬਹੁਤੀਆਂ ਨਸੀਹਤਾਂ ਨਾ ਕਰਨਾ
IV. ਆਪਣੀ ਰਾਇ ਨੂੰ ਦੁਹਰਾਉਣਾ

ਉਪਰੋਕਤ ਵਿਚੋਂ ਕਿਹੜਾ ਜੁੱਟ ਸਹੀ ਹੈ :

(1) II ਅਤੇ IV
(2) III ਅਤੇ IV
(3) II ਅਤੇ III
(4) I ਅਤੇ III

43. **ਕਥਨ (A) :** ਆਧੁਨਿਕ ਪੰਜਾਬੀ ਵਾਰਤਕ ਨੇ ਵਿਸ਼ੈ ਅਤੇ ਰੂਪ ਪੱਖੋਂ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ ਪਰ ਪੰਜਾਬੀ ਆਲੋਚਨਾ ਨੇ ਇਸ ਸਾਹਿਤ-ਰੂਪ ਵਲੋਂ ਬੇਰੁਖੀ ਹੀ ਦਰਸਾਈ ਹੈ ।

**ਕਾਰਨ (R) :** ਇਸਦਾ ਇਕ ਮੁੱਖ ਕਾਰਨ ਵਾਰਤਕ ਸ਼ਾਸਤਰ ਦੀ ਅਣਹੋਂਦ ਅਤੇ ਚੰਗੇ ਵਾਰਤਕ ਲਿਖਾਰੀਆਂ ਦੀ ਘਾਟ ਵੀ ਹੈ ।

(1) (A) ਅਤੇ (R) ਦੋਵੇਂ ਸਹੀ ਹਨ ।
(2) (A) ਸਹੀ (R) ਆਂਸ਼ਿਕ ਸਹੀ ਹੈ ।
(3) (A) ਗ਼ਲਤ ਅਤੇ (R) ਸਹੀ ਹੈ ।
(4) (A) ਅਤੇ (R) ਦੋਵੇਂ ਗ਼ਲਤ ਹਨ ।

44. ਪੰਜਾਬੀ ਗੱਦ ਸ਼ੈਲੀਕਾਰਾਂ ਦਾ ਸਹੀ ਵਰਗ ਹੈ :

(1) ਹਰਿੰਦਰ ਸਿੰਘ ਰੂਪ, ਬਲਵੰਤ ਗਾਰਗੀ, ਸੂਬਾ ਸਿੰਘ
(2) ਬਲਰਾਜ ਸਾਹਨੀ, ਕੁਲਬੀਰ ਸਿੰਘ ਕਾਂਗ, ਡਾ. ਬਲਬੀਰ ਸਿੰਘ
(3) ਗੁਰਬਖਸ਼ ਸਿੰਘ ਪ੍ਰੀਤਲੜੀ, ਪ੍ਰਿੰ: ਤੇਜਾ ਸਿੰਘ, ਪ੍ਰੋ. ਪੂਰਨ ਸਿੰਘ
(4) ਭਾਈ ਵੀਰ ਸਿੰਘ, ਗੁਰਬਚਨ ਸਿੰਘ ਤਾਲਿਬ, ਸਾਹਿਬ ਸਿੰਘ

45. ਜੁਝਾਰ ਵਿਦਰੋਹੀ ਕਵੀਆਂ ਦਾ ਕਿਹੜਾ ਸਹੀ ਵਰਗ ਨਹੀਂ ਹੈ :

(1) ਅਮਰਜੀਤ ਚੰਦਨ, ਪਾਸ਼, ਦਰਸ਼ਨ ਖਟਕੜ
(2) ਲਾਲ ਸਿੰਘ ਦਿਲ, ਸੰਤ ਰਾਮ ਉਦਾਸੀ, ਗੁਰਦੀਪ ਗਰੇਵਾਲ
(3) ਸੰਤ ਸੰਧੂ, ਹਰਭਜਨ ਹਲਵਾਰਵੀ, ਸੁਰਿੰਦਰ ਧੰਜਲ
(4) ਪਾਸ਼, ਸੁਰਜੀਤ ਪਾਤਰ, ਅਜਾਇਬ ਕਮਲ



www.a2zSubjects.com

**46.** ਆਧੁਨਿਕ ਬੋਧ ਦੇ ਕਵੀ ਹਨ :

(1) ਰਵਿੰਦਰ ਰਵੀ, ਜਗਤਾਰ, ਪ੍ਰੀਤਮ ਸਿੰਘ ਸਫ਼ੀਰ

(2) ਹਰਿਭਜਨ ਸਿੰਘ, ਸ.ਸ. ਮੀਸ਼ਾ, ਰਵਿੰਦਰ ਰਵੀ

(3) ਜਸਵੀਰ ਸਿੰਘ ਆਹਲੂਵਾਲੀਆ, ਰਵਿੰਦਰ ਰਵੀ, ਅਵਤਾਰ ਸਿੰਘ ਆਜ਼ਾਦ

(4) ਹਰਿਭਜਨ ਸਿੰਘ, ਅਜਾਇਬ ਕਮਲ, ਧਨੀ ਰਾਮ ਚਾਤ੍ਰਿਕ

**47.** **ਕਥਨ (A) :** ਕਾਵਿ ਭਾਸ਼ਾ ਦਾ ਮੂਲ ਆਮ ਭਾਸ਼ਾ ਹੀ ਹੈ । ਸੋ, ਆਮ ਭਾਸ਼ਾ ਦਾ ਨਿਖਰਵਾਂ ਤੇ ਸ੍ਰੇਸ਼ਠ ਰੂਪ ਹੀ ਕਾਵਿ ਭਾਸ਼ਾ ਹੈ ।

**ਕਾਰਨ (R) :** ਏਸੇ ਲਈ ਕਾਵਿ ਭਾਸ਼ਾ ਨੂੰ ਪ੍ਰਤਿਮਾਨਕ ਭਾਸ਼ਾ ਦਾ ਸੌਂਦਰਯ-ਸ਼ਾਸਤਰੀ ਦ੍ਰਿਸ਼ਟੀ ਤੋਂ ਕੀਤਾ ਪ੍ਰਯੋਜਨਮਈ ਵਿਰੂਪਣ ਮੰਨਿਆ ਜਾਂਦਾ ਹੈ ।

ਉਪਰੋਕਤ ਦੇ ਆਧਾਰ ਤੇ ਕਿਹੜਾ ਸਹੀ ਹੈ :

(1) (A) ਅਤੇ (R) ਦੋਵੇਂ ਗ਼ਲਤ ਹਨ ।

(2) (A) ਆਂਸ਼ਿਕ ਅਤੇ (R) ਸਹੀ ਹੈ ।

(3) (A) ਅਤੇ (R) ਦੋਵੇਂ ਸਹੀ ਹਨ ।

(4) (A) ਸਹੀ ਅਤੇ (R) ਗ਼ਲਤ ਹੈ ।

**48.**

| | **ਸੂਚੀ-I** | | **ਸੂਚੀ-II** |
|---|---|---|---|
| I. | ਸ਼ਿਵ ਕਮਾਰ | A. | ਧਰਤੀ ਮੰਗਦੀ ਮੀਂਹ ਵੇ |
| II. | ਹਰਿਭਜਨ ਸਿੰਘ | B. | ਜੰਗਨਾਮਾ ਪੰਜਾਬ |
| III. | ਹਰਭਜਨ ਸਿੰਘ ਹੁੰਦਲ | C. | ਅਲਵਿਦਾ ਤੋਂ ਪਹਿਲਾਂ |
| IV. | ਸੰਤੋਖ ਸਿੰਘ ਧੀਰ | D. | ਅਲਵਿਦਾ |

ਉਪਰੋਕਤ ਦਾ ਸਹੀ ਮਿਲਾਨ ਹੈ :

| | I | II | III | IV |
|---|---|---|---|---|
| (1) | C | D | A | B |
| (2) | B | C | A | D |
| (3) | D | C | B | A |
| (4) | A | C | D | B |

**49.** 'ਜੰਦਰੇ' ਕਾਵਿ-ਸੰਗ੍ਰਹਿ ਵਿਚ ਪ੍ਰੋ. ਮੋਹਨ ਸਿੰਘ ਕਿਸ ਵਿਕਾਸ ਪੜਾਅ ਦਾ ਸੂਚਕ ਹੈ :

(1) ਤਲਖ ਹਕੀਕਤ ਤੇ ਅਲਗਾਉ
(2) ਗਿਲਾਨੀ ਤੇ ਨਿਰਾਸ਼ਾ
(3) ਬੌਧਿਕ ਪਰਿਪਕਤਾ ਤੇ ਟਿਕਾਉ
(4) ਅਣਵੰਡਿਆ ਟਿਕਾਉ ਤੇ ਵਿਸ਼ਲੇਸ਼ਣ

**50.** ਪੰਜਾਬੀ ਦੇ ਕਿਸ ਸਾਹਿਤਕਾਰ ਨੇ ਰੁਬਾਈ ਨੂੰ ਤੁਰਿਆਈ ਕਿਹਾ ਹੈ

(1) ਪੂਰਨ ਸਿੰਘ
(2) ਭਾਈ ਵੀਰ ਸਿੰਘ
(3) ਤੇਜਾ ਸਿੰਘ
(4) ਮੋਹਨ ਸਿੰਘ



www.a2zSubjects.com

www.a2zSubjects.com

**51.** ਪੂਰਨ ਸਿੰਘ-ਕਾਵਿ ਦੀ ਪ੍ਰਮੁਖ ਪ੍ਰਵਿਰਤੀ ਹੈ :

(1) ਆਦਿਮ ਬਿਰਤੀ ਤੇ ਯਥਾਰਥ ਚੇਤਨਾ
(2) ਆਧੁਨਿਕ ਚਿੰਤਨ ਤੇ ਵਿਸ਼ਲੇਸ਼ਣ
(3) ਆਦਿਮ ਸਮਾਜ ਤੇ ਪੰਜਾਬੀਅਤ
(4) ਆਧੁਨਿਕ ਬੋਧ ਤੇ ਆਦਿਮ ਚਿੰਤਨ

**52.** ਪਿਆਰ, ਹਿੰਸਾ ਅਤੇ ਕ੍ਰਾਂਤੀ ਦੇ ਸੰਗਮ ਦਾ ਕਵੀ ਹੈ :

(1) ਪਿਆਰਾ ਸਿੰਘ ਸਹਿਰਾਈ
(2) ਪਾਸ਼
(3) ਸੁਰਜੀਤ ਰਾਮਪੁਰੀ
(4) ਸੁਰਿੰਦਰ ਗਿੱਲ

**53.** ਪੰਜਾਬੀ ਨਾਵਲ ਦਾ ਆਰੰਭ ਕਿਸ ਵੰਨਗੀ ਦੇ ਨਾਵਲੀ ਪਾਠਾਂ ਤੋਂ ਹੋਇਆ ;

(1) ਮੌਲਿਕ ਪਾਠ
(2) ਅਨੁਵਾਦਤ ਪਾਠ
(3) ਰੂਪਾਂਤਰਿਤ ਪਾਠ
(4) ਉਪਰੋਕਤ ਸਾਰੇ

**54.** ਉੱਤਰ-ਯਥਾਰਥਵਾਦੀ ਦੌਰ ਦੇ ਪੰਜਾਬੀ ਨਾਵਲਕਾਰਾਂ ਦਾ ਸਹੀ ਜੁੱਟ ਹੈ ;

(1) ਸੁਰਿੰਦਰ ਸਿੰਘ ਨਰੂਲਾ ਅਤੇ ਸੰਤ ਸਿੰਘ ਸੇਖੋਂ
(2) ਨਰਿੰਜਨ ਤਸਨੀਮ ਅਤੇ ਸੁਖਬੀਰ
(3) ਮਿੱਤਰਸੈਨ ਮੀਤ ਅਤੇ ਜਸਬੀਰ ਮੰਡ
(4) ਅਜੀਤ ਕੌਰ ਅਤੇ ਸੋਹਣ ਸਿੰਘ ਸੀਤਲ

**55.** "ਭਾਈ ਵੀਰ ਸਿੰਘ ਦੇ ਨਾਵਲਾਂ ਵਿਚ ਉਪ-ਭਾਵੁਕਤਾ ਦਾ ਜ਼ੋਰ ਹੈ ਅਤੇ ਕਹਾਣੀ-ਸੱਚਾ ਵਧੇਰੇ ਰੋਮਾਂਟਿਕ ਹੈ ।" ਕਥਨ ਕਿਸਦਾ ਹੈ ;

(1) ਜੋਗਿੰਦਰ ਸਿੰਘ ਰਾਹੀ
(2) ਗੁਰਚਰਨ ਸਿੰਘ
(3) ਕੇਸਰ ਸਿੰਘ ਕੇਸਰ
(4) ਕਿਸ਼ਨ ਸਿੰਘ

**56.**

| **ਸੂਚੀ-I** | **ਸੂਚੀ-II** |
|---|---|
| I. ਪਰਵਾਸੀ | A. ਸੜਕਾਂ ਤੇ ਕਮਰੇ |
| II. ਮਹਾਂਨਗਰੀ | B. ਪਰਦੇਸੀ ਰੁੱਖ |
| III. ਆਂਚਲਿਕ | C. ਇੰਦਰਜਲ |
| IV. ਇਤਿਹਾਸਕ | D. ਜੰਗੀ ਕੈਦੀ |

ਉਪਰੋਕਤ ਦਾ ਸਹੀ ਮਿਲਾਨ ਹੈ :

| | I | II | III | IV |
|---|---|---|---|---|
| (1) | D | A | C | B |
| (2) | B | C | A | D |
| (3) | C | A | B | D |
| (4) | C | A | D | B |

**57.** ਪੰਜਾਬੀ ਕਹਾਣੀ ਆਲੋਚਨਾ ਪੁਸਤਕਾਂ ਦਾ ਸਹੀ ਜੁੱਟ ਹੈ ;

(1) ਸਵਿੰਦਰ ਸਿੰਘ ਉੱਪਲ – ਸਮਕਾਲੀ ਪੰਜਾਬੀ ਕਹਾਣੀ
(2) ਟੀ.ਆਰ. ਵਿਨੋਦ – ਪੰਜਾਬੀ ਕਹਾਣੀ ਅਧਿਐਨ
(3) ਬਲਬੀਰ ਸਿੰਘ ਦਿਲ – ਪੰਜਾਬੀ ਕਹਾਣੀਕਾਰ
(4) ਗੁਰਬਖਸ਼ ਸਿੰਘ ਫ਼ਰੈਂਕ – ਕਹਾਣੀ-ਸ਼ਾਸਤਰ



www.a2zSubjects.com

www.a2zSubjects.com

**58.** ਦੇਸ਼-ਵੰਡ ਨਾਲ ਸੰਬੰਧਿਤ ਕਹਾਣੀਆਂ ਦਾ ਸਹੀ ਜੁੱਟ ਹੈ ;

(1) ਸ਼ਹੀਦ ਅਤੇ ਸੁੱਚਾ ਤਿੱਲਾ
(2) ਇਕਬਾਲ ਹੁਸੈਨ ਮੋਇਆ ਨਹੀਂ ਅਤੇ ਕਤਲ
(3) ਖੱਬਲ ਅਤੇ ਇਹ ਅੰਤ ਨਹੀਂ
(4) ਮਲ੍ਹਮ ਅਤੇ ਭੱਜੀਆਂ ਬਾਹੀਂ

**59.** ਪੂਰੋ ਅਤੇ ਰਸ਼ੀਦ ਕਿਸ ਨਾਵਲ ਦੇ ਪਾਤਰ ਹਨ ;

(1) ਕਮਜ਼ਾਤ (ਫ਼ਖਰ ਜ਼ਮਾਨ)
(2) ਅਣਹੋਏ (ਗੁਰਦਿਆਲ ਸਿੰਘ)
(3) ਬਲਦੇ ਦੀਵੇ (ਰਜ਼ੀਆ ਨੂਰ ਮੁਹੰਮਦ)
(4) ਪਿੰਜਰ (ਅੰਮ੍ਰਿਤਾ ਪ੍ਰੀਤਮ)

**60.** **ਕਥਨ (A) :** ਸਮਕਾਲੀ ਪੰਜਾਬੀ ਕਹਾਣੀ ਰੂਪਾਕਾਰਕ ਰੂਪ ਵਿਚ ਗੁੰਝਲਦਾਰ ਤੇ ਲੰਮੇ ਬਿਰਤਾਂਤ ਦੀ ਰਚਨਾ ਕਰਦੀ ਹੈ । ਇਸ ਪ੍ਰਵਿਰਤੀ ਦੇ ਵਿਗਸਣ ਦਾ ਇਕੋ ਇਕ ਆਧਾਰ ਇਹ ਹੈ ਕਿ ਸਮਕਾਲੀ ਜੀਵਨ ਦਾ ਯਥਾਰਥ ਗੁੰਝਲਦਾਰ ਹੈ ।

**ਕਾਰਨ (R) :** ਕਿਉਂਕਿ, ਹਰ ਇਕ ਰੂਪਾਕਾਰ ਆਪਣੇ ਸਮਕਾਲੀ ਯਥਾਰਥ ਅਤੇ ਦ੍ਰਿਸ਼ਟੀ-ਬਿੰਦੂਆਂ ਨੂੰ ਸੁਹਜਾਤਮਕ ਰੂਪ ਵਿਚ ਪ੍ਰਗਟ ਕਰਦਾ ਹੈ ।

(1) (A) ਸਹੀ ਹੈ ਅਤੇ (R) ਗ਼ਲਤ ਹੈ ।
(2) (A) ਆਂਸ਼ਿਕ ਸਹੀ ਹੈ ਅਤੇ (R) ਸਹੀ ਹੈ ।
(3) (A) ਅਤੇ (R) ਦੋਵੇਂ ਗ਼ਲਤ ਹਨ ।
(4) (A) ਗ਼ਲਤ ਹੈ ਅਤੇ (R) ਆਂਸ਼ਿਕ ਸਹੀ ਹੈ ।

**61.** ਕਪੂਰ ਸਿੰਘ ਘੁੰਮਣ ਰਚਿਤ ਨਾਟਕਾਂ ਦਾ ਸਹੀ ਵਰਗ ਨਹੀਂ ਹੈ ;

(1) ਜਿਊਂਦੀ ਲਾਸ਼, ਅਣਹੋਣੀ, ਬੰਦ ਗਲੀ
(2) ਉਦਾਸ ਲੋਕ, ਇਕ ਰਾਤ ਦੀ ਗੱਲ, ਕੰਚਨ ਮਾਟੀ
(3) ਮੂਕ ਸੰਸਾਰ, ਵਿਸਮਾਦ ਨਾਦ, ਅਤੀਤ ਦੇ ਪ੍ਰਛਾਵੇਂ
(4) ਪੁਤਲੀ ਘਰ, ਰੋੜਾ ਜਲਾਲੀ, ਬੁਝਾਰਤ

**62.**

| **ਸੂਚੀ-I** | **ਸੂਚੀ-II** |
|---|---|
| I. ਜ਼ੈਨਾ ਦਾ ਵਿਰਲਾਪ | A. ਐਬਸਰਡ ਨਾਟਕ |
| II. ਮਰਦ ਮਰਦ ਨਹੀਂ ਤੀਵੀਂ ਤੀਵੀਂ ਨਹੀਂ | B. ਮਨੋਵਿਸ਼ਲੇਸ਼ਾਣਤਮਕ ਨਾਟਕ |
| III. ਵਾਰਿਸ | C. ਧਰਮ-ਸੁਧਾਰਕ ਨਾਟਕ |
| IV. ਮੈਂ ਤਾਂ ਇਕ ਸਾਰੰਗੀ ਹਾਂ | D. ਇਤਿਹਾਸਕ ਨਾਟਕ |

ਉਪਰੋਕਤ ਦਾ ਸਹੀ ਮਿਲਾਨ ਹੈ :

| | I | II | III | IV |
|---|---|---|---|---|
| (1) | A | D | C | B |
| (2) | C | A | D | B |
| (3) | D | B | A | C |
| (4) | B | D | A | C |



www.a2zSubjects.com

www.a2zSubjects.com

**63.** ਕਿਹੜਾ ਨਾਟਕ ਸਿੱਖ ਇਤਿਹਾਸ ਨਾਲ ਸੰਬੰਧਿਤ ਨਹੀਂ ਹੈ ;

(1) ਹਿੰਦ ਦੀ ਚਾਦਰ
(2) ਮਿੱਤਰ ਪਿਆਰਾ
(3) ਚੜ੍ਹਦਾ ਰੂਪ ਸਵਾਇਆ
(4) ਵਿਸਮਾਦ ਨਾਦ

**64.** ਕਥਨ **(A) :** ਵਿਸ਼ਵੀਕਰਨ ਦੇ ਦੌਰ ਵਿਚ ਪੰਜਾਬੀ ਨਾਟਕ ਨੂੰ ਆਪਣੇ ਪ੍ਰਕਾਰ ਅਤੇ ਸੰਚਾਰ ਲਈ ਨਵੀਆਂ ਵਿਧੀਆਂ ਦੀ ਤਲਾਸ਼ ਕਰਦਿਆਂ, ਆਪਣੀਆਂ ਸੀਮਾਵਾਂ ਨੂੰ ਮੁਕੰਮਲ ਰੂਪ ਵਿਚ ਸੰਭਾਵਨਾਵਾਂ ਵਿਚ ਬਦਲ ਲਿਆ ਹੈ ।

ਕਾਰਨ **(R) :** ਹੁਣ ਪੰਜਾਬੀ ਨਾਟਕ ਤੇ ਰੰਗ ਮੰਚ ਸੰਚਾਰ ਦੀਆਂ ਸਾਰੀਆਂ ਸੰਭਾਵਨਾਵਾਂ ਉਜਾਗਰ ਕਰਨ ਦੀ ਸਥਿਤੀ ਵਿਚ ਹੈ ।

(1) (A) ਆਂਸ਼ਿਕ ਸਹੀ ਹੈ ਅਤੇ (R) ਸਹੀ ਹੈ ।
(2) (A) ਅਤੇ (R) ਦੋਵੇਂ ਸਹੀ ਹੈ ।
(3) (A) ਸਹੀ ਹੈ ਅਤੇ (R) ਗ਼ਲਤ ਹੈ ।
(4) (A) ਆਂਸ਼ਿਕ ਸਹੀ ਹੈ ਅਤੇ (R) ਗ਼ਲਤ ਹੈ ।

**65.** ‘ਸਿਰਜਨਾਤਮਿਕ ਨਾਟਕ-ਨਿਰਦੇਸ਼ਨ’ ਪੁਸਤਕ ਦਾ ਰਚੈਤਾ ਹੈ :

(1) ਹਰਚਰਨ ਸਿੰਘ
(2) ਸੰਤ ਸਿੰਘ ਸੇਖੋਂ
(3) ਸੁਰਜੀਤ ਸਿੰਘ ਸੇਠੀ
(4) ਨਵਨਿੰਦਰਾ ਬਹਿਲ

**66.** ਹੇਠ ਲਿਖਿਆਂ ਵਿਚੋਂ ਕਿਹੜਾ ਇਕਾਂਗੀ-ਸੰਗ੍ਰਹਿ ਨਹੀਂ ਹੈ ;

I. ਸਪਤ-ਰਿਸ਼ੀ
II. ਬੇਬੇ
III. ਉਮਰਾਂ ਲੰਮੀ ਦੌੜ
IV. ਸਵਾਮੀ ਜੀ

ਉਪਰੋਕਤ ਦਾ ਸਹੀ ਜੁੱਟ ਹੈ :

(1) III ਅਤੇ IV
(2) I ਅਤੇ II
(3) II ਅਤੇ III
(4) I ਅਤੇ III

**67.** ਪੰਜਾਬੀ ਕਾਵਿ-ਆਲੋਚਨਾ ਨਾਲ ਸੰਬੰਧਤ ਵਿਦਵਾਨ ਹਨ ;

(1) ਸੰਤ ਸਿੰਘ ਸੇਖੋਂ, ਹਰਿਭਜਨ ਸਿੰਘ, ਜੋਗਿੰਦਰ ਸਿੰਘ ਰਾਹੀ
(2) ਪ੍ਰੇਮ ਪ੍ਰਕਾਸ਼ ਸਿੰਘ, ਗੁਲਵੰਤ ਸਿੰਘ, ਤਰਲੋਕ ਸਿੰਘ ਕੰਵਰ
(3) ਕਰਮਜੀਤ ਸਿੰਘ, ਅਤਰ ਸਿੰਘ, ਬਲਜੀਤ ਕੌਰ
(4) ਕੇਸਰ ਸਿੰਘ ਕੇਸਰ, ਅਮਰਜੀਤ ਸਿੰਘ ਕਾਂਗ, ਨਜਮ ਹੁਸੈਨ ਸੱਯਦ



www.a2zSubjects.com

**68.** **ਸੂਚੀ-I** **ਸੂਚੀ-II**

| ਸੂਚੀ-I | ਸੂਚੀ-II |
|---|---|
| I. ਸੁਤਿੰਦਰ ਸਿੰਘ ਨੂਰ | A. ਸੰਚਾਰ-ਸਭਿਆਚਾਰ |
| II. ਅਤਰ ਸਿੰਘ | B. ਸਾਹਿਤ ਦੇ ਰੂਪ |
| III. ਤਰਲੋਕ ਸਿੰਘ ਕੰਵਰ | C. ਕਵਿਤਾ ਦੀ ਭੂਮਿਕਾ |
| IV. ਕਿਰਪਾਲ ਸਿੰਘ ਕਸੇਲ | D. ਸਾਹਿਤ ਸੰਵੇਦਨਾ |

ਉਪਰੋਕਤ ਦਾ ਸਹੀ ਕ੍ਰਮ ਹੈ :

| | I | II | III | IV |
|---|---|---|---|---|
| (1) | A | B | D | C |
| (2) | B | A | C | D |
| (3) | B | C | D | A |
| (4) | C | D | A | B |

**69.** ਯੱਕ ਦੇਰੀਦਾ ਦੇ ਸਿਧਾਂਤ ਦਾ ਪ੍ਰਭਾਵ ਕਿਹੜੇ ਪੰਜਾਬੀ ਆਲੋਚਕਾਂ ਉਪਰ ਪਿਆ ;

(1) ਕੇਸਰ ਸਿੰਘ ਕੇਸਰ, ਤਰਲੋਕ ਸਿੰਘ ਕੰਵਰ, ਤੇਜਵੰਤ ਸਿੰਘ ਗਿੱਲ

(2) ਹਰਜੀਤ ਗਿੱਲ, ਗੁਰਭਗਤ ਸਿੰਘ, ਅਤਰ ਸਿੰਘ

(3) ਹਰਿਭਜਨ ਸਿੰਘ, ਤਰਲੋਕ ਸਿੰਘ ਕੰਵਰ, ਗੁਰਭਗਤ ਸਿੰਘ

(4) ਸੰਤ ਸਿੰਘ ਸੇਖੋਂ, ਹਰਿਭਜਨ ਸਿੰਘ, ਕਿਸ਼ਨ ਸਿੰਘ

**70.** ਗੁਰਮੁਖੀ ਲਿਪੀ ਬਾਰੇ ਖੋਜ ਨਾਲ ਸੰਬੰਧਤ ਵਿਦਵਾਨ ਹਨ :

(1) ਪ੍ਰੇਮ ਪ੍ਰਕਾਸ਼ ਸਿੰਘ, ਜੀ.ਬੀ. ਸਿੰਘ, ਜੁਗਿੰਦਰ ਸਿੰਘ ਪੁਆਰ

(2) ਬਲਬੀਰ ਸਿੰਘ ਸੰਧੂ, ਕਾਲਾ ਸਿੰਘ ਬੇਦੀ, ਹਰਜੀਤ ਗਿੱਲ

(3) ਜੀ.ਬੀ. ਸਿੰਘ, ਕਾਲਾ ਸਿੰਘ ਬੇਦੀ, ਪਿਆਰਾ ਸਿੰਘ ਪਦਮ

(4) ਪਿਆਰਾ ਸਿੰਘ ਪਦਮ, ਪ੍ਰੇਮ ਪ੍ਰਕਾਸ਼ ਸਿੰਘ, ਬਲਬੀਰ ਸਿੰਘ ਸੰਧੂ

**71.** ਪੁਸਤਕ 'ਪ੍ਰਾਚੀਨ ਬੀੜਾਂ' ਦਾ ਕਰਤਾ ਖੋਜੀ ਵਿਦਵਾਨ ਹੈ ;

(1) ਡਾ. ਗੰਡਾ ਸਿੰਘ (2) ਜੀ.ਬੀ. ਸਿੰਘ

(3) ਡਾ. ਤਾਰਨ ਸਿੰਘ (4) ਡਾ. ਕਿਰਪਾਲ ਸਿੰਘ

**72.** ਲੋਕਯਾਨ ਅਤੇ ਸਭਿਆਚਾਰ ਦੇ ਖੇਤਰ ਵਿਚ ਖੋਜ ਕਰਨ ਵਾਲੇ ਵਿਦਵਾਨਾਂ ਦਾ ਸਹੀ ਵਰਗ ਹੈ ;

(1) ਬਲਵੰਤ ਗਾਰਗੀ, ਨਾਹਰ ਸਿੰਘ, ਸੁਰੈਣ ਸਿੰਘ ਵਿਲਖੂ

(2) ਮਹਿੰਦਰ ਸਿੰਘ ਰੰਧਾਵਾ, ਦੇਵਿੰਦਰ ਸਤਿਆਰਥੀ, ਭੁਪਿੰਦਰ ਸਿੰਘ ਖਹਿਰਾ

(3) ਕਰਨੈਲ ਸਿੰਘ ਥਿੰਦ, ਪ੍ਰੀਤਮ ਸਿੰਘ, ਵਣਜਾਰਾ ਬੇਦੀ

(4) ਗੁਰਬਖਸ਼ ਸਿੰਘ ਫਰੈਂਕ, ਹਰਜੀਤ ਸਿੰਘ, ਗੁਰਦੇਵ ਸਿੰਘ



www.a2zSubjects.com

www.a2zSubjects.com

ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ **73-75** ਪ੍ਰਸ਼ਨਾਂ ਦੇ ਸਹੀ ਉੱਤਰ ਦੱਸੋ :

ਸਾਹਿੱਤ ਅਤੇ ਅਣਸਾਹਿੱਤ ਦਾ ਮੂਲ ਅੰਤਰ ਇਹ ਹੈ ਕਿ ਪਹਿਲਾ ਜੀਵਨ ਅਨੁਭਵ ਨੂੰ ਸੁਹਜ ਭਾਵੀ ਢੰਗ ਨਾਲ ਕਲਾਤਮਕ ਰੂਪ ਪ੍ਰਦਾਨ ਕਰਦਾ ਹੈ ਅਤੇ ਦੂਸਰਾ ਇਸੇ ਅਨੁਭਵ ਦੀ ਕੇਵਲ ਤੱਥਾਤਮਕ ਵਿਆਖਿਆ ਹੀ ਹੁੰਦਾ ਹੈ । ਸਾਹਿੱਤ ਜੀਵਨ ਵਿਚ ਅਰਾਜਕੀ ਵਿਵਸਥਾ ਦੇ ਸਰੂਪ ਨੂੰ ਬਿਆਨ ਕਰਦਾ ਵੀ ਉਸ ਵਿਚ ਕਲਾਤਮਕ ਇਕਰੂਪਤਾ ਉਘਾੜਦਾ ਹੈ ਅਤੇ ਉਸ ਨੂੰ ਅਜਿਹੀ ਸੰਰਚਨਾ ਵਿਚ ਪੇਸ਼ ਕਰਦਾ ਹੈ ਜਿਹੜੀ ਕਿ ਬੁੱਧੀ ਅਤੇ ਭਾਵਨਾ ਨੂੰ ਇਕੋ ਸਮੇਂ ਟੁੰਬ ਸਕਦੀ ਹੈ ।

ਸਾਧਾਰਣ ਸਮਾਜਕ ਜੀਵਨ ਸ਼ਾਸਨਬੱਧ ਤਾਂ ਹੁੰਦਾ ਹੈ ਪਰ ਇਹ ਸ਼ਾਸਨਬੱਧਤਾ ਉਸ ਪ੍ਰਬੰਧਕੀ ਕਰੜਾਈ ਦੀ ਸੂਚਕ ਹੁੰਦੀ ਹੈ ਜਿਸ ਬਗ਼ੈਰ ਸਮਾਜ ਵਿਚ ਸ਼ਾਂਤੀ ਰੱਖਣੀ ਮੁਸ਼ਕਲ ਹੁੰਦੀ ਹੈ । ਸਮਾਜ ਵਿਚ ਰਹਿੰਦਾ ਹੋਇਆ ਹਰ ਇਕ ਵਿਅਕਤੀ ਦੂਹਰਾ ਜੀਵਨ ਜਿਊਂਦਾ ਹੈ । ਇਕ ਧਰਾਤਲ ਹੈ ਅਸਾਧਾਰਣਤਾ ਦਾ, ਜਿਸ ਵਿਚ ਕਿ ਵਿਵੇਕ ਨਾਲੋਂ ਭਾਵਨਾ ਵਧੇਰੇ ਪ੍ਰਧਾਨ ਹੁੰਦੀ ਹੈ ਅਤੇ ਦੂਸਰਾ ਧਰਾਤਲ ਹੈ ਨਿੱਤ ਦਾ ਜੀਵਨ ਜਿਹੜਾ ਕਿ ਬੰਦਾ ਰੋਟੀ ਦੀ ਰੋਜ਼ਾਨਾ ਮਜ਼ਦੂਰੀ ਖਾਤਰ ਜਿਊਂਦਾ ਹੈ ।

**73.** ਸਾਹਿਤ ਅਤੇ ਅਣ ਸਾਹਿਤ ਵਿਚਲੇ ਨਿਖੇੜੇ ਦਾ ਅਧਾਰ ਹੈ :

I. ਕਲਾਤਮਕਤਾ ਇਕਰੂਪਤਾ

II. ਤੱਥਮੂਲਕ ਵਿਆਖਿਆ

III. ਸੰਗਠਨ-ਪ੍ਰਬੰਧ

IV. ਬੋਧਿਕ-ਭਾਵਾਤਮਕ ਟੁੰਬਣਾ

ਉਪਰੋਕਤ ਦਾ ਸਹੀ ਜੁੱਟ ਹੈ :

(1) III ਅਤੇ IV (2) I ਅਤੇ III

(3) I ਅਤੇ II (4) IV ਅਤੇ I

**74.** ਕਿਹੜਾ ਕਥਨ ਸਹੀ ਹੈ :

(1) ਸਾਹਿਤ ਜੀਵਨ-ਅਨੁਭਵ ਦੀ ਤੱਥਾਤਮਕ ਵਿਆਖਿਆ ਹੈ ।

(2) ਅਣ-ਸਾਹਿਤ ਜੀਵਨ ਅਨੁਭਵ ਦਾ ਸੁਹਜਮਈ ਰੂਪ ਹੈ ।

(3) ਸਾਹਿਤ ਜੀਵਨ ਦੀ ਅਰਾਜਕੀ ਵਿਵਸਥਾ ਦਾ ਸਰੂਪ ਪੇਸ਼ ਕਰਦਾ ਹੈ ।

(4) ਸਾਹਿਤ ਸੰਰਚਨਾ ਵਿਚ ਬੁੱਧੀ ਤੇ ਭਾਵਨਾ ਦੀ ਪੇਸ਼ਕਾਰੀ ਹੈ ।

**75.** ਪੈਰ੍ਹੇ ਦਾ ਕੇਂਦਰੀ ਥੀਮ ਹੈ :

(1) ਸਮਾਜ ਵਿਚ ਰਹਿੰਦਾ ਹੋਇਆ ਹਰੇਕ ਵਿਅਕਤੀ ਦੂਹਰਾ ਜੀਵਨ ਜਿਊਂਦਾ ਹੈ ।

(2) ਵਿਵੇਕ ਨਾਲੋਂ ਭਾਵਨਾ ਵਧੇਰੇ ਪ੍ਰਧਾਨ ਹੁੰਦੀ ਹੈ ।

(3) ਸਾਹਿਤਕ ਸੰਰਚਨਾ ਦੀ ਨੁਹਾਰ ਉਸ ਨੂੰ ਅਣ-ਸਾਹਿਤ ਤੋਂ ਵਖਰਿਆਉਂਦੀ ਹੈ ।

(4) ਜੀਵਨ ਦਾ ਆਮ ਧਰਾਤਲ ਰੋਟੀ-ਰੋਜ਼ੀ ਨਾਲ ਸੰਬੰਧਿਤ ਹੈ ।



www.a2zSubjects.com

www.a2zSubjects.com

**Space For Rough Work**



www.a2zSubjects.com